PO BOX 3747,
Success WA 6964, Australia
Tel: +61430301272

Halmaal Dorp 20,3800 Sint-Truiden, Belgium
Tel: +32 485 825 492

Unit 202, 12677, 80th Avenue,
Surrey BC, V3W 3A6, Canada (British Columbia Office)
Tel: +1 778 833 0973

209-2970 Drew Road, Mississauga,
Ontario, L4T 0A6 Canada
Tel: +1 905 672 2245

4 Castlegateway, Adamstown Castle Adamstown, Lucan,
Co Dublin
Tel: +353 (0) 85 729 4425

20, Allee Des Geais,95200 Sarcelles, France
Tel: +33616176205

141, Gali No. 6, Sant Avenue, GT Road, Amritsar
143001, Panjab, India
Tel: +91 9779957973

P.O.BOX 1021 Code 00606 Nairobi Westlands, Kenya
Tel: +254 0 720402727

2nd Floor Wisma Tatt Khalsa, No 24, Jalan Raja Alang
Kuala Lumpur 50480, Malaysia
Tel: +6 012 2224242

Office No.176-A, UG Deans Trade Centre F.C Chowk,
Peshawar, Khyber Pakhtoonkhwa, Pakistan
Tel: +92-333-9113230

JAF, POB 7203, New York, NY 10116, USA
Tel: +1-646-688-3525

PO Box 43799, London, W14 8SS, United Kingdom
Tel: +44 (0) 870 1993328

UNITED SIKHS

*Recognize the Human Race as One*

WWW.UNITEDSIKHS.ORG
contact@unitedsikhs.org

*To transform underprivileged and minority communities and individuals into informed and vibrant members of society through civic, educational and personal development programs, by fostering active participation in social and economic activity.*

# ਯੂਨਾਈਟਿਡ ਸਿਖਸ ਦੁਆਰਾ ਸਰਬੱਤ ਖ਼ਾਲਸਾ ੨੦੧੫ ਦਾ ਸਮੱਰਥਨ ਅਤੇ ਗੁਰੂ ਸਾਹਿਬ ਦੀ ਹੋ ਰਹੀ ਬੇਅਦਬੀ ਦੇ ਵਿਰੁਧ ਸਮੁੱਚੀ ਕੌਮ ਨੂੰ ਲਾਮਬੰਦ ਹੋਣ ਦੀ ਅਪੀਲ।

ਅੰਮ੍ਰਿਤਸਰ, ਪੰਜਾਬ, ਇੰਡੀਆ - ਯੂਨਾਈਟਿਡ ਸਿਖਸ ਅੰਮ੍ਰਿਤਸਰ ਵਿਖੇ ੧੦ ਨਵੰਬਰ ੨੦੧੫ ਨੂੰ ਹੋ ਰਹੇ ਦੁਨੀਆਂ ਭਰ ਦੇ ਸਿਖਾਂ ਦੇ ਇਕੱਠ, ਸਰਬੱਤ ਖ਼ਾਲਸਾ ੨੦੧੫ ਦਾ ਸਮੱਰਥਨ ਕਰਦਾ ਹੈ। ਇਹ ਸਰੱਬਤ ਖਾਲਸਾ ਸਿੱਖਾਂ ਨੂੰ ਦਰਪੇਸ਼ ਗੰਭੀਰ ਮੁਸ਼ਕਿਲਾਂ ਨੂੰ ਵਿਚਾਰਨ ਲਈ ਸਦਿਆ ਗਿਆ ਹੈ।

ਯੂਨਾਈਟਿਡ ਸਿਖਸ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਕਿਹਾ "ਅਸੀਂ ਪਿਛਲੇ ਦਿਨੀਂ ਗੁਰੂ ਗ੍ਰੰਥ ਸਾਹਿਬ ਜੀ ਹੋਈ ਬੇਅਦਬੀ ਤੋਂ ਬਹੁਤ ਚਿੰਤਿਤ ਹਾਂ ਜਿਸ ਕਾਰਣ ਸੰਸਾਰ ਭਰ ਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।ਜਿਸ ਤਰਾਂ ਨਾਲ ਰਾਜਨੀਤਕ ਦਬਾਅ ਅਤੇ ਕਮਜੋਰ ਪ੍ਰਤੀਨਿਧਤਾ ਕਰਕੇ ਸਿੱਖ ਕੌਮ ਵਿਚ ਸਿਰਮੌਰ ਸੰਸਥਾ ਅਤੇ ਸੰਤ ਸਿਪਾਹੀ ਦੇ ਮੀਰੀ ਪੀਰੀ ਦੇ ਸਿਧਾਂਤ ਨੂੰ ਸਮ੍ਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ–ਮਰਿਆਦਾ ਨੂੰ ਠੇਸ ਪਹੁੰਚਾਈ ਗਈ ਹੈ ਇਕ ਚਿੰਤਾ ਦਾ ਵਿਸ਼ਾ ਹੈ" UNITED SIKHS' Official statement in Punjabi.

ਯੂਨਾਈਟਿਡ ਸਿਖਸ ਦੇ ਅੰਤਰਰਾਸ਼ਟਰੀ ਲੀਗਲ ਡਾਇਰੈਕਟਰ ਮਜਿੰਦਰਪਾਲ ਕੌਰ ਨੇ ਕਿਹਾ, "ਪਿਛਲੇ ਤਿੰਨ ਹਫ਼ਤਿਆਂ ਵਿਚ ੧੧ ਵਾਰ ਪੰਜਾਬ ਵਿਚ ਗੁਰੂ ਸਾਹਿਬ ਦੀ ਬੇਅਦਬੀ ਹੋ ਚੁਕੀ ਹੈ ਅਤੇ ਹੋਣ ਤੱਕ ਇਕ ਵੀ ਮੁਜਰਿਮ ਫ਼ੜਿਆ ਨਹੀਂ ਗਿਆ। ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਹਲਕੇ ਦੇ ਚੁਣੇ ਹੋਏ ਪ੍ਰਤੀਨਿਧ ਨੂੰ ਲਿਖੋ ਕਿ ਉਹ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਕਹਿਣ ਕਿ ਉਹ ਆਪਣੀ ਚੁਪ ਤੋੜੇ ਅਤੇ ਇਹਨਾਂ ਘਟਨਾਵਾਂ ਦੀ ਨਿਖੇਧੀ ਕਰੇ। ਇਸ ਦੇ ਨਾਲ ਹੀ

ਇਹਨਾਂ ਘਟਨਾਵਾਂ ਦੀ ਜਾਂਚ ਲਈ ਨਾਮਵਰ ਜੱਜਾਂ ਦਾ ਇਕ ਜਾਂਚ ਕਮਿਸ਼ਨ ਬਣਾ ਕੇ ਜਾਂਚ ਕਰਵਾਈ ਜਾਵੇ"। ਇਹ ਚਿੱਠੀ ਯੂਨਾਈਟਿਡ ਸਿਖਸ ਦੀ ਵੈਬ-ਸਾਈਟ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

ਯੂਨਾਈਟਿਡ ਸਿਖਸ ਸੰਸਥਾ ੧੦ ਦੇਸ਼ਾਂ ਵਿਚ ਰਜਿਸਟਰਡ ਸੰਸਥਾ ਹੈ ਜਿਹੜੀ ਕਿ ਸਰਬੱਤ ਖ਼ਾਲਸਾ ਦੇ ਸਿਧਾਂਤ ਅਤੇ ਮੰਚ ਦੀ ਅਤੇ ਖ਼ਾਲਸਾ ਪੰਥ ਦੁਆਰਾ ੧੦ ਨਵੰਬਰ ੨੦੧੫ ਨੂੰ ਸੱਦੇ ਗਏ ਸਰਬੱਤ ਖ਼ਾਲਸਾ ਦੇ ਮੰਤਵ ਦੀ ਪੂਰਣ ਤੌਰ ਤੇ ਹਮਾਇਤ ਕਰਦੀ ਹੈ। ਅਸੀਂ ਸਾਰੀਆਂ ਜਥੇਬੰਦੀਆਂ ਅਤੇ ਸਮੁਚੀ ਸੰਗਤ ਨੂੰ ਅਪੀਲ ਕਰਦੇ ਹਾਂ ਕਿ ਆਉ ਇਕੱਠੇ ਹੋ ਕੇ ਇਸ ਸਰਬੱਤ ਖ਼ਾਲਸਾ ੨੦੧੫ ਵਿਚ ਸ਼ਾਮਲ ਹੋਈਏ।

ਯੂਨਾਈਟਿਡ ਸਿਖਸ ਦੀ ਟੀਮ ਸਰਬੱਤ ਖ਼ਾਲਸਾ ੨੦੧੫ ਵਿਚ ਸ਼ਾਮਲ ਹੋਵੇਗੀ ਅਤੇ ਹੇਠ ਲਿਖੇ ਮਤਿਆਂ ਤੇ ਪਹਿਰਾ ਦੇਵੇਗੀ:

1. ਆਰਜ਼ੀ ਤੌਰ ਤੇ ਤੁਰੰਤ ਜਥੇਦਾਰ ਦੀ ਚੋਣ ਹੋਵੇ।
2. ਵਿਸ਼ਵ ਪੱਧਰ ਤੇ ਇਕ ਅਜਿਹੀ ਪਾਰਦਰਸ਼ੀ ਅਤੇ ਜ਼ੁੰਮੇਵਾਰ ਕਾਰਜ ਪ੍ਰਣਾਲੀ ਦਾ ਗਠਨ ਕਰਨਾ ਜਿਸ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਸਹੀ ਚੋਣ ਹੋ, ਸੁਚੱਜੇ ਤਰੀਕੇ ਨਾਲ ਹੋ ਸਕੇ ਅਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਬਿਨਾਂ ਕਿਸੇ ਰਾਜਨੀਤਿਕ ਜਾਂ ਸਰਕਾਰੀ ਦਬਾਅ ਦੇ ਕਾਇਮ ਰਖਿਆ ਜਾ ਸਕੇ।
3. ਇਸ ਬਣਾਈ ਗਈ ਕਾਰਜ ਪ੍ਰਣਾਲੀ ਅਨੁਸਾਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਚੋਣ ਲਈ ੨੦੧੬ ਵਿਚ ਸਰਬੱਤ ਖ਼ਾਲਸਾ ਬੁਲਾਇਆ ਜਾਵੇ ਜਿਸ ਵਿਚ ਵਿਸ਼ਵ ਪੱਧਰ ਦੀ ਸਮੁਚੀ ਸਿੱਖ ਕੌਮ ਦੀ ਨੁਮਾਇੰਦਗੀ ਬਿਨਾਂ ਕਿਸੇ ਭਿੰਨ-ਭੇਦ ਹੋਵੇ।

ਸਰਬੱਤ ਖ਼ਾਲਸਾ ਵਿਚ ਵਿਸ਼ਵ ਸਿਖ ਸੰਗਤ ਦੀ ਨੁਮਾਇੰਦਗੀ ਦੀ ਜਰੂਰਤ ਲਈ ਯੂਨਾਈਟਿਡ ਸਿਖਸ ਦੀ ਗਲੋਬਲ ਸਿਖ ਸਿਵਲ ਅਤੇ ਹਿਊਮਨ ਰਾਈਟਸ ਰਿਪੋਰਟ ਨੂੰ ਵੈਬਸਾਈਟ ਤੇ ਪੜਿਆ ਜਾ ਸਕਦਾ ਹੈ, ਜਿਸ ਤੋਂ ਪਤਾ ਚਲ ਸਕਦਾ ਹੈ ਕਿ ਵਿਸ਼ਵ ਭਰ ਦੇ ਸਿੱਖਾਂ ਨੂੰ ਕਿਹੜੇ-ਕਿਹੜੇ ਗੰਭੀਰ ਮਸਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਹਨਾਂ ਮਸਲਿਆਂ ਦੇ ਹੱਲ ਲਈ ਅਜ਼ਾਦ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜ਼ਰੂਰਤ ਹੈ। ਇਕ ਸੰਸਥਾ ਹੋਣ ਦੇ ਨਾਤੇ ਜਦੋਂ ਅਸੀਂ ਆਪਣੇ ਕਕਾਰ ਪਹਿਨਣ ਲਈ ਜਾਂ ਸਾਡੇ ਨਾਲ ਹੁੰਦੇ ਜਾਤੀ ਭੇਦ-ਭਾਵ ਲਈ ਸੰਸਾਰ ਪੱਧਰ ਤੇ ਕਨੂੰਨੀ ਲੜਾਈ ਲੜਦੇ ਹਾਂ ਤਾਂ ਇਹਨਾਂ ਗੰਭੀਰ ਮਸਲਿਆਂ ਦੇ ਨਾਲ ਸਾਨੂੰ ਨਜਿਠਣਾ ਪੈਂਦਾ ਹੈ।

ਜਾਰੀ ਕਰਤਾ:
ਮਜਿੰਦਰਪਾਲ ਕੌਰ
ਇੰਟਰਨੈਸ਼ਨਲ ਲੀਗਲ ਡਾਇਰੈਕਟਰ
ਯੂਨਾਈਟਿਡ ਸਿਖਸ